ਮਰੀਜ਼ ਲਈ ਮਹੱਤਵਪੂਰਨ ਜਾਣਕਾਰੀ

# ਤੁਹਾਡੇ ਏਕੀਕ੍ਰਿਤ ਡੋਨਕਾਸਟਰ ਦੇਖਭਾਲ ਰਿਕਾਰਡ (Integrated Doncaster Care Record) ਬਾਰੇ ਸਾਰੀ ਜਾਣਕਾਰੀ



## ਦੇਖਭਾਲ ਲਈ ਸਾਂਝਾ ਕਰਨਾ

# ਏਕੀਕ੍ਰਿਤ ਡੋਨਕਾਸਟਰ ਦੇਖਭਾਲ ਰਿਕਾਰਡ (Integrated Doncaster Care Record) ਕੀ ਹੈ?




**ਇਹ ਤੁਹਾਡੇ ਬਾਰੇ ਜਾਣਕਾਰੀ ਨੂੰ ਸੰਭਾਲ ਕੇ ਰੱਖਣ ਦਾ ਇੱਕ ਨਵਾਂ ਇਲੈਕਟ੍ਰਾਨਿਕ ਤਰੀਕਾ ਹੈ ਜਿਸ ਨੂੰ ਸਿਹਤ ਅਤੇ ਦੇਖਭਾਲ ਸਟਾਫ ਵੱਲੋਂ ਉਸ ਸਮੇਂ ਵੱਖ-ਵੱਖ ਥਾਵਾਂ 'ਤੇ ਦੇਖਿਆ ਜਾ ਸਕਦਾ ਹੈ ਜਦੋਂ ਤੁਹਾਨੂੰ ਮਦਦ ਦੀ ਲੋੜ ਪੈਂਦੀ ਹੈ।**

ਤੁਹਾਡੇ ਸਿਹਤ ਅਤੇ ਸਮਾਜਿਕ ਦੇਖਭਾਲ ਰਿਕਾਰਡਾਂ ਨੂੰ ਡੋਨਕਾਸਟਰ ਵਿੱਚ ਕਿਸੇ ਵੀ ਸਮੇਂ ਅਤੇ ਵੱਖ-ਵੱਖ ਥਾਵਾਂ ਵਿੱਚ ਦੇਖ ਸਕਣ ਦਾ ਅਰਥ ਹੈ ਕਿ ਡਾਕਟਰ ਅਤੇ ਹੋਰ ਪੇਸ਼ਾਵਰ ਤੁਹਾਡੀ ਦੇਖਭਾਲ ਬਾਰੇ ਤੁਰੰਤ ਅਤੇ ਸੁਰੱਖਿਅਤ ਫੈਸਲੇ ਕਰ ਸਕਦੇ ਹਨ।

## ਤੁਸੀਂ ਮੇਰੀ ਜਾਣਕਾਰੀ ਸਾਂਝੀ ਕਿਉਂ ਕਰਨੀ ਚਾਹੁੰਦੇ ਹੋ?

ਆਉਂਦੇ ਸਾਲਾਂ ਦੌਰਾਨ, ਇਸ ਗੱਲ ਦੀ ਕਾਫੀ ਸੰਭਾਵਨਾ ਹੈ ਕਿ ਤੁਸੀਂ ਡੋਨਕਾਸਟਰ ਵਿੱਚ ਹਸਪਤਾਲਾਂ ਤੋਂ ਲੈ ਕੇ GP (ਜੀ. ਪੀ.) ਸਰਜਰੀਆਂ ਵਿੱਚ ਕਈ ਥਾਵਾਂ 'ਤੇ ਆਪਣੀ ਦੇਖਭਾਲ ਕਰਵਾਓਗੇ - ਅਤੇ ਤੁਹਾਡੀ ਦੇਖਭਾਲ ਦੇ ਵੇਰਵਿਆਂ ਨੂੰ ਵੱਖ-ਵੱਖ ਕੰਪਿਊਟਰ ਸਿਸਟਮਾਂ 'ਤੇ ਸਟੋਰ ਕੀਤਾ ਜਾਵੇਗਾ। ਏਕੀਕ੍ਰਿਤ ਡੋਨਕਾਸਟਰ ਦੇਖਭਾਲ ਰਿਕਾਰਡ (Integrated Doncaster Care Record) (IDCR) ਨੇ ਉਹਨਾਂ ਕੰਪਿਊਟਰ ਸਿਸਟਮਾਂ ਨੂੰ ਜਿਗਸਾਅ (ਤਸਵੀਰ-ਪਹੇਲੀ) ਦੀ ਤਰ੍ਹਾਂ ਇਕੱਠੇ ਜੋੜਿਆ ਹੈ, ਤਾਂ ਜੋ ਤੁਹਾਡੀ ਦੇਖਭਾਲ ਕਰਨ ਵਾਲੇ ਤੁਹਾਡੀ ਸਿਹਤ ਅਤੇ ਦੇਖਭਾਲ ਦੇ ਇਤਿਹਾਸ ਦੀ ਵਿਸਤ੍ਰਿਤ ਤਸਵੀਰ ਦੇਖ ਸਕਣ।




ਇਸ ਦਾ ਅਰਥ ਜਾਣਕਾਰੀ ਸਾਂਝੀ ਕਰਨ ਦੇ ਜ਼ਿਆਦਾ ਪ੍ਰੰਪਰਾਗਤ ਤਰੀਕਿਆਂ, ਜਿਵੇਂ ਕਿ ਚਿੱਠੀਆਂ ਅਤੇ ਫ਼ੋਨ ਕਾਲਾਂ, ਨੂੰ ਬਦਲ ਕੇ ਤੁਹਾਡੇ ਲਈ ਤੁਰੰਤ ਅਤੇ ਜ਼ਿਆਦਾ ਕੁਸ਼ਲ ਦੇਖਭਾਲ ਮੁਹੱਈਆ ਕਰਨਾ ਹੈ।

## ਕਿਹੜੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ?

ਤੁਹਾਡੇ ਦੇਖਭਾਲ ਰਿਕਾਰਡ ਵਿੱਚ ਅਹਿਮ ਜਾਣਕਾਰੀ ਸ਼ਾਮਲ ਹੁੰਦੀ ਹੈ ਜਿਵੇਂ:

- ਨਿੱਜੀ ਵੇਰਵੇ, ਜਿਵੇਂ ਕਿ ਤੁਹਾਡਾ ਨਾਮ, ਪਤਾ, ਜਨਮ ਮਿਤੀ ਅਤੇ ਨਜ਼ਦੀਕੀ ਰਿਸ਼ਤੇਦਾਰ
- ਤੁਹਾਡੀ ਦੇਖਭਾਲ ਕਰਨ ਵਾਲੇ ਸਿਹਤ ਅਤੇ ਦੇਖਭਾਲ ਪੇਸ਼ਾਵਰਾਂ ਦੇ ਨਾਮ
- ਕੋਈ ਵੀ ਦਵਾਈਆਂ ਜੋ ਤੁਸੀਂ ਲੈ ਰਹੇ ਹੋ
- ਕੋਈ ਵੀ ਅਲਰਜੀਆਂ ਜੋ ਤੁਹਾਨੂੰ ਹਨ

- ਤੁਹਾਡੇ ਬਾਰੇ ਕੋਈ ਵੀ ਸਿਹਤ ਚਿੰਤਾਵਾਂ
- ਸੇਵਾਵਾਂ ਲਈ ਪਿਛਲੇ ਹਵਾਲੇ
- ਕਿਸੇ ਵੀ ਅਜਿਹੇ ਮੌਕਿਆਂ ਦੀਆਂ ਤਾਰੀਖਾਂ ਅਤੇ ਕਾਰਨ ਜਦੋਂ ਤੁਹਾਨੂੰ ਹਸਪਤਾਲ ਦਾਖਲ ਕੀਤਾ ਗਿਆ ਹੈ।
- ਅਪੌਇੰਟਮੈਂਟਾਂ
- ਕੋਈ ਵੀ ਮੁਲਾਂਕਣ ਜੋ ਤੁਸੀਂ ਕਰਵਾਏ ਸੀ
- ਦੇਖਭਾਲ ਯੋਜਨਾਵਾਂ ਅਤੇ ਦੇਖਭਾਲ ਦੇ ਪੈਕੇਜ ਜੋ ਤੁਹਾਡੇ ਕੋਲ ਹਨ
- ਐਮਰਜੈਂਸੀ ਹੋਣ ਦੀ ਸੂਰਤ ਵਿੱਚ ਸੰਪਰਕ ਵੇਰਵੇ




ਇਸ ਵਿੱਚ ਤੁਹਾਡੇ ਜਿਨਸੀ ਸਿਹਤ ਦੇ ਇਤਿਹਾਸ ਵਰਗੀ ਸੰਵੇਦਨਸ਼ੀਲ ਜਾਣਕਾਰੀ ਸ਼ਾਮਲ ਨਹੀਂ ਹੋਵੇਗੀ। ਸ਼ੁਰੂ ਵਿੱਚ, ਤੁਹਾਡੇ ਰਿਕਾਰਡ ਵਿੱਚ ਅੱਗੇ ਦਿੱਤੇ ਸੰਗਠਨਾਂ ਵਿੱਚੋਂ ਕਿਸੇ ਇੱਕ ਵੱਲੋਂ ਰਿਕਾਰਡ ਕੀਤੀ ਜਾਣਕਾਰੀ ਸ਼ਾਮਲ ਹੋਵੇਗੀ, ਜੇ ਕਿਸੇ ਵੀ ਸਮੇਂ ਉਹਨਾਂ ਨੇ ਤੁਹਾਡੇ ਲਈ ਦੇਖਭਾਲ ਮੁਹੱਈਆ ਕਰਵਾਈ ਹੈ:

- ਡੋਨਕਾਸਟਰ ਦੇ GPs
- ਡੋਨਕਾਸਟਰ ਅਤੇ ਬੈੱਸਟਲਾਅ ਟੀਚਿੰਗ ਹਾਸਪਿਟਲਜ਼ ਫ਼ਾਉਂਡੇਸ਼ਨ ਐਨ.ਐਚ.ਐਸ. ਟਰੱਸਟ (Doncaster and Bassetlaw Teaching Hospitals Foundation NHS Trust )
- ਰੋਦਰਹੈਮ ਡੋਨਕਾਸਟਰ (Rotherham Doncaster) ਅਤੇ ਸਾਊਥ ਹੰਬਰ ਫ਼ਾਉਂਡੇਸ਼ਨ ਐਨ.ਐਚ.ਐਸ. ਟਰਸੱਟ (South Humber Foundation NHS Trust)
- ਫਾਇਲਡ ਕੋਸਟ ਮੈਡੀਕਲ ਸਰਵਿਸਿਜ਼ (Fylde Coast Medical Services) (ਡੋਨਕਾਸਟਰ ਦੀ ਅਤਿ-ਜ਼ਰੂਰੀ ਦੇਖਭਾਲ ਸੇਵਾ)
- ਡੋਨਕਾਸਟਰ ਮੈਟਰੋਪੋਲਿਟਨ ਬੋਰੋ ਕੌਂਸਲ (Doncaster Metropolitan Borough Council) (ਬਾਲਗ ਸਮਾਜਿਕ ਦੇਖਭਾਲ)।

ਇਹ ਮਹਿਜ਼ ਸ਼ੁਰੂਆਤ ਹੈ। ਸਮਾਂ ਬੀਤਣ ਨਾਲ ਜ਼ਿਆਦਾ ਸੇਵਾ ਪ੍ਰਦਾਤਾ ਜਾਣਕਾਰੀ ਸ਼ਾਮਲ ਕਰਨਗੇ, ਜਿਵੇਂ ਕਿ ਐਂਬੂਲੈਂਸ ਸੇਵਾਵਾਂ ਅਤੇ ਕਮਿਊਨਿਟੀ ਫਾਰਮੇਸੀਆਂ।




# ਮੇਰੀ ਜਾਣਕਾਰੀ ਤੱਕ ਕੌਣ ਪਹੁੰਚ ਕਰੇਗਾ?

ਤੁਹਾਡੇ ਬਾਰੇ ਜਾਣਕਾਰੀ ਸਿਰਫ ਡੋਨਕਾਸਟਰ ਸਥਿਤ ਸਿਹਤ ਅਤੇ ਦੇਖਭਾਲ ਪੇਸ਼ਾਵਰਾਂ ਨਾਲ ਹੀ ਸਾਂਝੀ ਕੀਤੀ ਜਾਵੇਗੀ ਜੋ ਤੁਹਾਡੀ ਦੇਖਭਾਲ ਕਰ ਰਹੇ ਹਨ। ਅਤੇ ਉਹ ਸਿਰਫ ਆਪਣੇ ਕੰਮ ਨਾਲ ਸਬੰਧਤ ਜਾਣਕਾਰੀ ਹੀ ਦੇਖ ਸਕਣਗੇ। ਇਸ ਤਰ੍ਹਾਂ, ਸੋਸ਼ਲ ਕੇਅਰ ਵਰਕਰ ਇੱਕ ਆਕਿਊਪੇਸ਼ਨਲ ਥੈਰੇਪਿਸਟ ਲਈ ਤੁਹਾਡੇ ਰਿਕਾਰਡ ਦੇ ਵੱਖ-ਵੱਖ ਹਿੱਸੇ ਦੇਖ ਸਕਦਾ ਹੈ। ਤੁਹਾਡੀ ਜਾਣਕਾਰੀ ਤੀਜੀਆਂ ਧਿਰਾਂ, ਜਿਵੇਂ ਕਿ ਬੀਮਾ ਕੰਪਨੀਆਂ, ਨਾਲ ਸਾਂਝੀ ਨਹੀਂ ਕੀਤੀ ਜਾਵੇਗੀ। ਤੁਸੀਂ :

- ਹਰ ਵਾਰ ਜਦੋਂ ਦੇਖਭਾਲ ਸੇਵਾਵਾਂ ਦੇ ਸੰਪਰਕ ਵਿੱਚ ਆਉਂਦੇ ਹੋ ਤਾਂ ਉਸ ਸਮੇਂ ਆਪਣਾ ਰਿਕਾਰਡ ਦੇਖਣ ਲਈ ਪੇਸ਼ਾਵਰ ਨੂੰ ਆਪਣੀ ਸਹਿਮਤੀ ਦੇ ਸਕਦੇ ਹੋ; ਜਾਂ
- ਤੁਹਾਡੀ ਦੇਖਭਾਲ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਨਿਰੰਤਰ ਸਹਿਮਤੀ ਦੇ ਸਕਦੇ ਹੋ ਤਾਂ ਜੋ ਤੁਹਾਡੇ ਤੋਂ ਦੁਬਾਰਾ ਨਾ ਪੁੱਛਿਆ ਜਾਵੇ।

ਜੇ ਤੁਸੀਂ ਪੂਰੀ ਤਰ੍ਹਾਂ ਨਾਲ ਆਪਣਾ ਰਿਕਾਰਡ ਸਾਂਝਾ ਨਾ ਕਰਨ ਦੀ ਚੋਣ ਕਰਦੇ ਹੋ (ਸਫ਼ੇ ਦੇ ਦੂਜੇ ਪਾਸੇ ਦੇਖੋ), ਤਾਂ ਏਕੀਕ੍ਰਿਤ ਡੋਨਕਾਸਟਰ ਦੇਖਭਾਲ ਰਿਕਾਰਡ (Integrated Doncaster Care Record) ਜ਼ਰੀਏ ਤੁਹਾਡੇ ਬਾਰੇ ਜਾਣਕਾਰੀ ਉਪਲਬਧ ਨਹੀਂ ਹੋਵੇਗੀ।

# ਮੈਨੂੰ ਕਿਵੇਂ ਪਤਾ ਲੱਗੇ ਕਿ ਮੇਰੇ ਰਿਕਾਰਡਾਂ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ?

“ਵੱਖ-ਵੱਖ ਦੇਖਭਾਲ ਸਥਾਨਾਂ, ਜਿੱਥੇ ਕਿ ਤੁਸੀਂ ਗਏ ਹੁੰਦੇ ਹੋ, ਤੋਂ ਜਾਣਕਾਰੀ ਦੇਖ ਸਕਣ ਨਾਲ, ਮੈਂ ਫਾਰਮਾਂ ਅਤੇ ਮੁਲਾਂਕਣਾਂ ਨੂੰ ਫੈਕਸ ਕੀਤੇ ਜਾਣ ਦੀ ਉਡੀਕ ਕਰਨ ਤੋਂ ਬਗੈਰ ਜਾਂ ਜਾਣਕਾਰੀ ਇਕੱਤਰ ਕਰਨ ਲਈ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹੋਰਨਾਂ ਲੋਕਾਂ ਨੂੰ ਬਹੁਤ ਸਾਰੀਆਂ ਫ਼ੋਨ ਕਾਲਾਂ ਕੀਤੇ ਬਗੈਰ ਦੇਖਭਾਲ ਲਈ ਮੁਲਾਂਕਣ ਜ਼ਿਆਦਾ ਜਲਦੀ ਮੁਕੰਮਲ ਕਰ ਸਕਦਾ/ਸਕਦੀ ਹਾਂ।”

**ਸੋਸ਼ਲ ਵਰਕਰ/ਕੇਸ ਮੈਨੇਜਰ**



ਕਾਨੂੰਨ ਮੁਤਾਬਕ, NHS ਲਈ ਜਾਂ ਇਸ ਦੀ ਤਰਫੋਂ ਕੰਮ ਕਰਨ ਵਾਲੇ ਹਰੇਕ ਵਿਅਕਤੀ ਅਤੇ ਸਮਾਜਿਕ ਦੇਖਭਾਲ ਸੇਵਾਵਾਂ ਨੂੰ ਲਾਜ਼ਮੀ ਤੌਰ ’ਤੇ ਗੁਪਤਤਾ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਤੁਹਾਡੇ ਬਾਰੇ ਸਾਰੀ ਜਾਣਕਾਰੀ ਗੁਪਤ ਰੱਖਣੀ ਚਾਹੀਦੀ ਹੈ। ਤੁਹਾਡੇ ਬਾਰੇ ਜਾਣਕਾਰੀ ਸੁਰੱਖਿਅਤ, ਇਨਕ੍ਰਿਪਟਡ (ਗੁਪਤ ਸੰਕੇਤ ਵਿੱਚ ਅੰਕਿਤ ਕੀਤੀ) ਅਤੇ ਆਡਿਟ ਕੀਤੇ ਸਿਸਟਮਾਂ ਰਾਹੀਂ ਦੇਖੀ ਜਾਵੇਗੀ ਜੋ NHS ਦੇ ਕਰੜੇ ਸੁਰੱਖਿਆ ਮਿਆਰਾਂ ਅਤੇ ਸਰਕਾਰੀ ਕਾਨੂੰਨ ਦੀ ਪਾਲਣਾ ਕਰਦੇ ਹਨ, ਜਿਸ ਵਿੱਚ ਡੈਟਾ ਪ੍ਰੋਟੈਕਸ਼ਨ ਐਕਟ (Data Protection Act) ਵੀ ਸ਼ਾਮਲ ਹੈ।

ਇਸ ਤੋਂ ਇਲਾਵਾ, ਅਸੀਂ ਇਹ ਯਕੀਨੀ ਬਣਾਉਣ ਲਈ ਨਿਯਮਿਤ ਪੜਤਾਲਾਂ ਵੀ ਕਰਾਂਗੇ ਕਿ ਤੁਹਾਡੇ ਰਿਕਾਰਡਾਂ ਨੂੰ ਸਿਰਫ ਅਧਿਕਾਰ-ਪ੍ਰਾਪਤ ਸਿਹਤ ਅਤੇ ਸਮਾਜਿਕ ਦੇਖਭਾਲ ਪੇਸ਼ਾਵਰਾਂ ਵੱਲੋਂ ਹੀ ਦੇਖਿਆ ਜਾਂਦਾ ਹੈ, ਜਿਹਨਾਂ ਕੋਲ ਇਸ ਲਈ ਉਚਿਤ ਕਾਰਨ ਹੁੰਦਾ ਹੈ।

# ਮੈਂ ਏਕੀਕ੍ਰਿਤ ਡੋਨਕਾਸਟਰ ਦੇਖਭਾਲ ਰਿਕਾਰਡ ਨਾਲ ਆਪਣੀ ਜਾਣਕਾਰੀ ਸਾਂਝੀ ਨਾ ਕੀਤੇ ਜਾਣ ਦੀ ਚੋਣ ਕਿਵੇਂ ਕਰ ਸਕਦਾ/ਸਕਦੀ ਹਾਂ?

ਤੁਸੀਂ ਕਿਸੇ ਵੀ ਸਮੇਂ ਅੱਗੇ ਦਿੱਤੇ ਤਰੀਕਿਆਂ ਰਾਹੀਂ ਆਪਣੀ ਜਾਣਕਾਰੀ ਸਾਂਝੀ ਨਾ ਕਰਨ ਦੀ ਚੋਣ ਕਰ ਸਕਦੇ ਹੋ

- www.doncasterccg.nhs.uk/idcr/optout/ ’ਤੇ ਆਨਲਾਈਨ ਫਾਰਮ ਭਰ ਕੇ
- donccg.idcr@nhs.net ’ਤੇ ਈਮੇਲ ਕਰਕੇ
- IDCR Co-ordinator, NHS Doncaster CCG, Sovereign House, Heavens Walk, Doncaster, South Yorkshire, DN4 5HZ ਪਤੇ ’ਤੇ ਲਿਖ ਕੇ
- 01302 566050 ’ਤੇ ਫ਼ੋਨ ਕਰਕੇ

ਐਪਰ ਅਸੀਂ ਇਹ ਫੈਸਲਾ ਕਰਨ ਤੋਂ ਪਹਿਲਾਂ ਤੁਹਾਨੂੰ ਧਿਆਨਪੂਰਵਕ ਸੋਚਣ ਲਈ ਕਹਿੰਦੇ ਹਾਂ ਕਿਉਂਕਿ ਤੁਹਾਡੀ ਸਿਹਤ ਅਤੇ ਸਮਾਜਿਕ ਦੇਖਭਾਲ ਜਾਣਕਾਰੀ ਸਾਂਝੀ ਕਰਨ ਨਾਲ ਡੋਨਕਾਸਟਰ ਸੇਵਾਵਾਂ ਨੂੰ ਤੁਹਾਡੇ ਲਈ ਬਿਹਤਰੀਨ ਇਲਾਜ ਅਤੇ ਦੇਖਭਾਲ ਮੁਹੱਈਆ ਕਰਨੀ ਅਸਾਨ ਹੋਵੇਗੀ।

NHS Doncaster CCG, Sovereign House,
Heavens Walk, Doncaster,
South Yorkshire DN4 5HZ
ਵੱਲੋਂ ਜਾਰੀ ਕੀਤਾ ਗਿਆ।

ਇਸ ਕਿਤਾਬਚੇ ਨੂੰ ਹੋਰਨਾਂ ਭਾਸ਼ਾਵਾਂ ਅਤੇ ਫਾਰਮੇਟਾਂ ਵਿੱਚ ਉਪਲਬਧ ਕਰਵਾਇਆ ਜਾ ਸਕਦਾ ਹੈ।

ਜਾਰੀ ਕੀਤਾ: ਦਸੰਬਰ 2017 ਵਿੱਚ

DONCASTER GROWING TOGETHER